ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਵੱਲ

ਸਮੂਹ ਸਕੂਲ ਮੁੱਖੀ /ਡੀ.ਡੀ.ਓ. ( ਐਸ.ਐਸ.ਏ. ਵੈੱਬ ਸਾਈਟ ਰਾਹੀਂ)

------------------

ਪੰਜਾਬ।

ਨੰ:ਪਸਸਬ/ਲੇਖਾ-3(ਬਜਟ)/2018/ 819 ਮਿਤੀ: 24/5/18

ਵਿਸ਼ਾ:- **ਪੋਸਟ ਮੈਟ੍ਰਿਕ ਸਕੀਮ (ਬਾਰ੍ਹਵੀਂ) ਐਸ.ਸੀ ਵਿਦਿਆਰਥੀਆਂ ਦੀ ਸਾਲ 2017-18 ਦੀ ਪ੍ਰੀਖਿਆ ਫੀਸ ਦੀ ਰਾਸ਼ੀ ਬੋਰਡ ਦਫਤਰ ਦੇ ਖਾਤੇ ਵਿੱਚ ਇੱਕ ਹਫਤੇ ਦੇ ਅੰਦਰ ਹੀ ਜਮ੍ਹਾਂ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

1. ਵਿਸ਼ਾ ਅੰਕਿਤ ਮਾਮਲੇ ਸਬੰਧੀ ਦੱਸਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕੀਮ (ਬਾਰ੍ਹਵੀ) ਦੇ ਐਸ.ਸੀ ਵਿਦਿਆਰਥੀਆਂ ਦੀ ਸਾਲ 2017-18 ਦੀ ਪ੍ਰੀਖਿਆ ਫੀਸ ਦੀ ਰਾਸ਼ੀ ਭਲਾਈ ਵਿਭਾਗ ਵੱਲੋਂ ਸਿੱਧੇ ਤੌਰ ਤੇ ਸਕੂਲਾਂ ਵਿੱਚ ਭੇਜ ਦਿੱਤੇ ਜਾਣ ਕਾਰਨ ਸਕੂਲਾਂ ਵਲੋਂ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਦੇ ਖਾਤਾ ਨੰ: 07971100008001 , IFSC code: PSIB0000797, ਪੰਜਾਬ ਐਂਡ ਸਿੰਧ ਬੈਂਕ, ਬਰਾਂਚ: ਫੇਜ਼-8, ਮੋਹਾਲੀ ਵਿੱਚ ਇੱਕ ਹਫਤੇ ਦੇ ਅੰਦਰ ਜਮ੍ਹਾਂ ਕਰਵਾਈ ਜਾਣੀ ਹੈ, ਜਿਨ੍ਹਾਂ ਸਕੂਲਾਂ ਵੱਲੋਂ ਅਜੇ ਤੱਕ ਇਹ ਪ੍ਰੀਖਿਆ ਫੀਸ ਬੋਰਡ ਖਾਤੇ ਵਿੱਚ ਜਮ੍ਹਾਂ ਨਹੀ ਕਰਵਾਈ ਗਈ, ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪਰਮ ਅਗੇਤ ਅਧਾਰ ਤੇ ਇਹ ਪ੍ਰੀਖਿਆ ਫੀਸ ਇਸ ਨਿਸ਼ਚਿਤ ਸਮੇਂ ਅੰਦਰ ਬੋਰਡ ਦੇ ਖਾਤੇ ਵਿਚ ਜਮ੍ਹਾਂ ਕਰਵਾਉਣੀ ਯਕੀਨੀ ਬਣਾਉਣ।
2. ਜੇਕਰ ਇਹ ਰਾਸ਼ੀ ਇੱਕ ਹਫਤੇ ਦੇ ਅੰਦਰ-ਅੰਦਰ ਜਮ੍ਹਾਂ ਨਹੀ ਕਰਵਾਈ ਜਾਂਦੀ ਤਾਂ ਵਿੱਤੀ ਮਾਮਲਾ ਹੋਣ ਕਰਕੇ ਸਕੂਲ ਮੁੱਖੀ/ਡੀ.ਡੀ.ਓ. ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਅਰੰਭੀ ਜਾਵੇਗੀ।
3. ਜੇਕਰ ਇਹ ਰਾਸ਼ੀ ਇੱਕ ਹਫਤੇ ਤੋਂ ਬਾਅਦ ਜਮ੍ਹਾਂ ਕਰਵਾਈ ਜਾਂਦੀ ਹੈ ਤਾਂ ਅਦਾਇਗੀ ਯੋਗ ਰਾਸ਼ੀ ਤੇ 18% ਸਮੇਤ ਵਿਆਜ ਨਾਲ ਜਮ੍ਹਾਂ ਕਰਵਾਈ ਜਾਵੇ।
4. ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਉਪਰੰਤ ਇਸ ਦੀ ਸੂਚਨਾ ਹੇਠ ਦਰਸਾਏ ਪ੍ਰੋਫਾਰਮੇ ਅਨੁਸਾਰ ਬੋਰਡ ਦੀ ਈ. ਮੇਲ ਆਈ.ਡੀ pseblekhabudget @ gmail. com ਤੇ ਤੁਰੰਤ ਭੇਜੀ ਜਾਵੇ ਜੀ।

| ਲੜੀ ਨੰ: | ਸਕੂਲ ਦਾ ਨਾਮ ਤੇ ਜਿਲ੍ਹਾ | ਸਕੂਲ ਦੀ ਆਈ.ਡੀ. | ਐਸ.ਸੀ ਵਿਦਿਆਰਥੀਆਂ ਦੀ ਗਿਣਤੀ | 1150/-ਰੁਪਏ ਪ੍ਰਤੀ ਵਿਦਿਆਰਥੀ ਅਨੁਸਾਰ ਕੁੱਲ ਫੀਸ ਦੀ ਰਾਸ਼ੀ | ਬੈਂਕ ਦਾ ਜਨਰਲ/NEFT/ UTR/ਟਰਾਂਜੈਕਸਨ ਨੰ: ਅਤੇ ਮਿਤੀ ਜਿਸ ਰਾਹੀਂ ਰਾਸ਼ੀ ਪ੍ਰਾਪਤ ਹੋਈ। |
|---|---|---|---|---|---|
| | | | | | |

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਸਿੱਖਿਆ ਵਿਭਾਗ,ਪੰਜਾਬ ਸਰਕਾਰ।

ਸਰਵ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ), ਪੰਜਵੀਂ ਮੰਜ਼ਿਲ, ਬਲਾਕ-ਈ, ਫੇਜ਼ 8,
ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ - 160 062
ਫੋਨ ਨੰ : 0172-5212313, ਫੈਕਸ : 0172-5212370
Email : dgse@punjabeducation.gov.in || Website : ssapunjab.org